ਸ਼ੇਰ-ਏ-ਪੰਜਾਬ

PERIODICAL
USPS 018-239,
ISSN 1528-0675

Volume X, No.46 Friday, JUNE 05, 2009 Price: 75¢

Sher-E-Panjab


# ਸੈਟੇਲਾਈਟ ਸਾਊਥ ਏਸ਼ੀਅਨ ਸਪੈਲਿੰਗ ਬੀ 2009 ਦਾ ਐਲਾਨ




(ਖੱਬੇ ਤੋਂ ਸੱਜੇ) ਮੈੱਟਲਾਈਫ ਦੀ ਨੈਸ਼ਨਲ ਸੇਲਜ਼ ਆਰਗੇਨਾਈਜ਼ੇਸ਼ਨ ਦੇ ਸੀਨੀਅਰ ਵਾਈਸ ਪ੍ਰੈਜ਼ੀਡੈਂਟ ਜੋਸਫ ਡਬਲਿਊ. ਜਾਰਡਨ, ਟੱਚ ਡਾਊਨ ਮੀਡੀਆ ਇੰਕ. ਦੇ ਸੀ. ਈ. ਓ. ਰਾਹੁਲ ਵਾਲੀਆ, ਮੈੱਟਲਾਈਫ ਦੇ ਐਡਵਰਟਾਈਜ਼ਿੰਗ ਕੰਸਲਟੈਂਟ ਜਿੰਜਰ ਜੋਨਸ, ਮੈੱਟਲਾਈਫ ਐਡਵਰਟਾਈਜ਼ਿੰਗ ਦੇ ਅਸਿਸਟੈਂਟ ਵਾਇਸ ਪ੍ਰੈਜ਼ੀਡੈਂਟ ਜਾਨ ਡਰਬਿਕ, ਸੋਨੀ ਐਂਟਰਟੇਨਮੈਂਟ ਟੈਲੀਵਿਜ਼ਨ ਏਸ਼ੀਆ ਦੇ ਸੀਨੀਅਰ ਵਾਈਸ ਪ੍ਰੈਜ਼ੀਡੈਂਟ ਨੀਰਜ ਅਰੋੜਾ ਮੈੱਟਲਾਈਫ ਦੇ ਬ੍ਰਾਂਡ ਆਈਕਨ 'ਸਨੂਪੀ' ਨਾਲ ਫੋਟੋ ਖਿਚਵਾਉਂਦੇ ਹੋਏ।

ਨਿਊਯਾਰਕ-ਪ੍ਰਮੁੱਖ ਦੱਖਣ ਏਸ਼ੀਆਈ ਐਡਵਰਟਾਈਜ਼ਿੰਗ ਫਰਮ ਟਚਡਾਊਨ ਮੀਡੀਆ ਇੰਕ. ਨੇ ਸਾਊਥ ਏਸ਼ੀਅਨ ਸਪੈਲਿੰਗ ਬੀ 2009 ਦੀਆਂ ਯੋਜਨਾਵਾਂ ਦੀ ਘੋਸ਼ਣਾ ਕਰ ਦਿੱਤੀ ਹੈ। ਅਮਰੀਕਾ ਦੇ ਬੀਮਾ ਖੇਤਰ ਵਿਚ ਨੰਬਰ ਇੱਕ ਫਰਮ ਦਾ ਦਰਜਾ ਪ੍ਰਾਪਤ ਮੈੱਟਲਾਈਫ ਇਸ ਪ੍ਰਤੀਯੋਗਿਤਾ ਦੀ ਟਾਈਟਲ ਸਪਾਂਸਰ ਹੋਵੇਗੀ।

ਇਹ ਪ੍ਰਤੀਯੋਗਿਤਾ ਦੱਖਣੀ ਏਸ਼ੀਆ ਦੇ 14 ਵਰ੍ਹੇ ਉਮਰ ਤਕ ਦੇ ਬੱਚਿਆਂ ਲਈ ਹੋਵੇਗੀ ਜਿਨ੍ਹਾਂ ਨੂੰ ਆਪਣੀ ਵਰਤਨੀ ਸੰਬੰਧੀ ਨਿਪੁੰਨਤਾ (ਸਪੈਲਿੰਗ ਸਕਿਲਜ਼) ਦੀ ਪਰਖ ਕਰਨ ਦਾ ਮੌਕਾ ਮਿਲੇਗਾ। ਇਸ ਵਿਚ ਭਾਗ ਲੈਣ ਵਾਲੇ ਬੱਚੇ ਅਤੇ ਉਨ੍ਹਾਂ ਦੇ ਮਾਪੇ www.southasianspellingbee.com ਨਾਮਕ ਵੈੱਬਸਾਈਟ 'ਤੇ ਆਪਣੇ ਨਾਂਅ ਰਜਿਸਟਰ ਕਰਵਾ ਸਕਦੇ ਹਨ। ਟੱਚਡਾਊਨ ਮੀਡੀਆ ਇੰਕ. 20 ਜੂਨ ਨੂੰ ਸ਼ੁਰੂ ਹੋਣ ਵਾਲੇ ਇਹ ਮੁਕਾਬਲੇ ਅਮਰੀਕਾ ਦੇ ਅੱਠ ਸਥਾਨਾਂ 'ਤੇ ਆਯੋਜਿਤ ਕਰਵਾਏਗਾ। ਇਹ ਹਨ—ਨਿਊਯਾਰਕ, ਨਿਊਜਰਸੀ, ਸ਼ਿਕਾਗੋ, ਡੱਲਾਸ, ਹਿਊਸਟਨ, ਸਾਨ ਫਰਾਂਸਿਸਕੋ ਬੇ-ਏਰੀਆ, ਲਾਸ ਏਂਜਲਸ ਅਤੇ ਵਾਸ਼ਿੰਗਟਨ ਡੀ. ਸੀ. ਮੈਟਰੋ ਏਰੀਆ। ਇਹ ਸਾਰੀ ਪ੍ਰਤੀਯੋਗਿਤਾ ਫ੍ਰੀ ਹੈ ਤੇ ਸਭ ਲਈ ਖੁੱਲ੍ਹੀ ਹੈ।

ਟੱਚ ਡਾਊਨ ਮੀਡੀਆ ਇੰਕ. ਦੇ ਸੀ. ਈ. ਓ. ਅਤੇ ਸਾਊਥ ਏਸ਼ੀਅਨ ਸਪੈਲਿੰਗ ਬੀ ਦੇ ਸੰਸਥਾਪਕ ਰਾਹੁਲ ਵਾਲੀਆ ਨੇ ਕਿਹਾ, "ਇਹ ਇੱਕ ਪਰਿਵਾਰ ਕੇਂਦਰਿਤ ਪ੍ਰਤੀਯੋਗਿਤਾ ਹੈ ਅਤੇ ਇੱਕ ਸਿੱਖਿਆਦਾਇਕ ਗਤੀਵਿਧੀ ਹੈ ਜੋ ਬੱਚਿਆਂ ਨੂੰ ਟੈਲੀਵਿਜ਼ਨ 'ਤੇ ਆਉਣ ਦਾ ਮੌਕਾ ਵੀ ਦੇਵੇਗੀ।"

ਇਹ ਮੁਕਾਬਲਾ 25 ਸ਼ਬਦਾਂ ਦੇ ਲਿਖਤੀ ਟੈਸਟ ਨਾਲ ਸ਼ੁਰੂ ਹੋਵੇਗਾ ਜਿਸ ਵਿਚੋਂ 15 ਸ਼ਬਦਾਂ ਦੀ ਵਰਤਨੀ (ਸਪੈਲਿੰਗ) ਸਹੀ ਲਿਖਣੀ ਹੋਵੇਗੀ ਅਤੇ ਬਾਅਦ ਵਿਚ ਮੌਖਿਕ ਪ੍ਰੀਖਿਆ (ਔਰਲ ਟੈਸਟ) ਹੋਵੇਗੀ।

ਅੰਤਿਮ ਤਿੰਨ ਜੇਤੂਆਂ ਨੂੰ ਮੈਟਲਾਈਫ ਵੱਲੋਂ ਨਕਦ ਇਨਾਮ ਦਿੱਤੇ ਜਾਣਗੇ। ਹਰੇਕ ਖੇਤਰੀ ਪ੍ਰਤੀਯੋਗਿਤਾ ਵਿਚੋਂ ਦੋ ਪ੍ਰਤੀਯੋਗੀ ਫਾਈਨਲ ਵਿਚ ਜਾਣਗੇ ਜੋ ਅਗਸਤ ਮਹੀਨੇ ਨਿਊਜਰਸੀ ਵਿਚ ਹੋਵੇਗਾ। ਫਾਈਨਲ ਜੇਤੂ ਨੂੰ ਮੈੱਟਲਾਈਫ ਵੱਲੋਂ 5000 ਡਾਲਰ ਦੀ ਸਕਾਲਰਸ਼ਿਪ ਦਿੱਤੀ ਜਾਵੇਗੀ। ਇਸ ਪ੍ਰਤੀਯੋਗਿਤਾ ਦਾ ਪ੍ਰਸਾਰਣ ਸੋਨੀ ਐਂਟਰਟੇਨਮੈਂਟ ਟੈਲੀਵਿਜ਼ਨ ਏਸ਼ੀਆ ਵੱਲੋਂ (ਭਾਰਤ ਤੇ ਪਾਕਿਸਤਾਨ ਨੂੰ ਛੱਡ ਕੇ) ਸਾਰੇ ਸੰਸਾਰ ਵਿਚ ਕੀਤਾ ਜਾਵੇਗਾ।